SMALL BUSINESS ENTERPRISE CENTRE
SBEC BRAMPTON

www.brampton-business.com
33 Queen St. West, ਪਹਿਲੀ ਮੰਜ਼ਿਲ, Brampton, ON L6Y 1L9
ਫ਼ੋਨ: 905-874-2650 ਫ਼ੈਕਸ: 905-874-2670

# ਔਂਟੇਰੀਓ ਵਿੱਚ ਕਾਰੋਬਾਰ ਕਰਨ ਲਈ ਕਾਰਪੋਰੇਸ਼ਨ ਸਥਾਪਤ ਕਰਨਾ

## ਕਾਰਪੋਰੇਸ਼ਨ ਸਥਾਪਤ ਕਰਨ ਲਈ ਕਨੂੰਨੀ ਦਸਤਾਵੇਜ਼ ਦਾਖ਼ਲ ਕਰਨੇ

ਜਿਹੜੇ ਗਾਹਕ ਔਂਟੇਰੀਓ ਵਿੱਚ ਆਪਣੇ ਕਾਰੋਬਾਰ ਲਈ ਕਾਰਪੋਰੇਸ਼ਨ ਸਥਾਪਤ ਕਰਨੀ (ਕਨੂੰਨੀ ਤੌਰ ਸੰਗਠਤ ਕਰਨਾ) ਚਾਹੁੰਦੇ ਹੋਣ ਉਨ੍ਹਾਂ ਕੋਲ ਸੰਬੰਧਤ ਦਸਤਾਵੇਜ਼ ਦਾਖ਼ਲ ਕਰਨ ਲਈ ਚਾਰ ਢੰਗ ਹੁੰਦੇ ਹਨ:

- ਟੋਰੰਟੋ ਵਿੱਚ Companies and Personal Property Security Branch, Ministry of Government Services (MGS) ਦੇ ਜਨਤਕ ਦਫਤਰ, 375 University Ave, Suite 200 – (416) 314-8880 ਨੂੰ ਨਿੱਜੀ ਤੌਰ ਤੇ ਕਨੂੰਨੀ ਦਸਤਾਵੇਜ਼ (Articles of Incorporation) ਦੇਣੇ
- ਕਾਰਪੋਰੇਸ਼ਨ ਸਥਾਪਤ ਕਰਨ ਨਾਲ ਸੰਬੰਧਤ ਕਨੂੰਨੀ ਦਸਤਾਵੇਜ਼ (Articles of Incorporation) Companies and Personal Property Security Branch of the Ministry of Government Services (MGS): Suite 200, 393 University Avenue, Toronto, ON, M5G 2M2 ਪਤੇ 'ਤੇ ਡਾਕ ਰਾਹੀਂ ਭੇਜਣੇ
  - http://www.ontario.ca/ontprodconsume/groups/content/@gopsp/@so/@bus/@companies/documents/document/stel02_168162.pdf ਵਿਖੇ ਦਰਜ 15 ਹੋਰ ਸੇਵਾ-ਸਥਾਨ ਹਨ ਜੋ ਕਾਰਪੋਰੇਸ਼ਨ ਸਥਾਪਤ ਕਰਨ ਨਾਲ ਸੰਬੰਧਤ ਕਨੂੰਨੀ ਦਸਤਾਵੇਜ਼ (Articles of Incorporation) ਨਿੱਜੀ ਤੌਰ ਤੇ ਵਸੂਲ ਕਰਦੇ ਹਨ।
- ਦੋ ਸੇਵਾ ਪਰਦਾਨ ਕਰਨ ਵਾਲਿਆਂ, ਜਿੰਨ੍ਹਾਂ ਦੀ ਮਨਿੱਸਟਰੀ ਨਾਲ ਸੰਧੀ ਹੈ,ਵਿੱਚੋਂ ਕਿਸੇ ਇੱਕ ਨੂੰ ਕਾਰਪੋਰੇਸ਼ਨ ਸਥਾਪਤ ਕਰਨ ਨਾਲ ਸੰਬੰਧਤ ਕਨੂੰਨੀ ਦਸਤਾਵੇਜ਼ (Articles of Incorporation) ਇੰਟਰਨੈੱਟ ਰਾਹੀਂ ਭੇਜਣੇ
- ਕੋਈ ਵਕੀਲ ਜਾਂ ਕੋਈ ਹੋਰ ਪੇਸ਼ਾਵਰ ਵਿਅਕਤੀ ਕਰ ਲਓ। ਕਾਰਪੋਰੇਸ਼ਨ ਸਥਾਪਤ ਕਰਨਾ ਇੱਕ ਪੇਚੀਦਾ ਅਮਲ ਹੁੰਦਾ ਹੈ ਜਿਸ ਦੇ ਕਨੂੰਨੀ ਅਤੇ ਵਿੱਤੀ ਨਤੀਜੇ ਹੁੰਦੇ ਹਨ। ਵਕੀਲ ਜਾਂ ਸਿਖਲਾਈ ਪ੍ਰਾਪਤ ਵਿਅਕਤੀ ਤੁਹਾਡੀ ਤਰਫ਼ੋਂ ਸਾਰੇ ਕਾਗ਼ਜ਼-ਪੱਤਰ ਜਮ੍ਹਾਂ ਕਰਵਾਏਗਾ ਜਿੰਨ੍ਹਾਂ ਵਿੱਚ ਇਹ ਪਤਾ ਲਾਉਣ ਲਈ ਇੱਕ ਲਾਜ਼ਮੀ NUANS ਜਾਂਚ ਦੇ ਕਾਗਜ਼ ਕਿ ਕਿਤੇ ਇਸ ਨਾਂ ਦਾ ਕੋਈ ਕਾਰੋਬਾਰ ਪਹਿਲਾਂ ਹੀ ਮੌਜੂਦ ਤਾਂ ਨਹੀਂ ਹੈ, ਅਤੇ ਕਾਰਪੋਰੇਸ਼ਨ ਨਾਲ ਸੰਬੰਧਤ ਸਾਰੇ ਜ਼ਰੂਰੀ ਕਨੂੰਨੀ ਦਸਤਾਵੇਜ਼ ਸ਼ਾਮਲ ਹੁੰਦੇ ਹਨ। ਤੁਸੀਂ ਇੱਕ ਮੁਕੰਮਲ ਪੈਕੇਜ ਹਾਸਲ ਕਰੋਗੇ ਜਿਸ ਵਿੱਚ ਕਾਰਪੋਰੇਸ਼ਨ ਦੀ ਮੋਹਰ, ਮਿਨੱਟ ਬੁੱਕ ਅਤੇ ਮਸ਼ਵਰਾ ਸ਼ਾਮਲ ਹੁੰਦਾ ਹੈ। ਜੇ ਤੁਹਾਨੂੰ ਇਨਾਂ ਵਿੱਚੋਂ ਕਿਸੇ ਪੇਸ਼ਾਵਰ ਲਈ ਹਵਾਲਾ ਚਾਹੀਦਾ ਹੋਵੇ ਤਾਂ ਮਿਹਰਬਾਨੀ ਕਰ ਕੇ ਸਾਡੇ ਕਿਸੇ ਐਸੋਸੀਏਟ ਨਾਲ ਗੱਲ ਕਰੋ।'

**ਨਿੱਜੀ ਤੌਰ ਤੇ ਜਾਂ ਡਾਕ ਰਾਹੀਂ ਫ਼ਾਰਮਾਂ ਵਾਲੇ ਕਾਗ਼ਜ਼ ਭੇਜਣੇ**

ਜੇ ਤੁਸੀਂ ਕਾਗ਼ਜ਼ ਦੇ ਫ਼ਾਰਮਾਂ ਦੀ ਵਰਤੋਂ ਕਰਨੀ ਹੋਵੇ ਤਾਂ ਤੁਹਾਨੂੰ ਹੇਠ ਦਰਜ ਅਨੁਸਾਰ ਕਾਰਵਾਈ ਕਰਨੀ ਹੋਵੇਗੀ:

- ਕਾਰਪੋਰੇਸ਼ਨ ਸਥਾਪਤ ਕਰਨ ਨਾਲ ਸੰਬੰਧਤ ਕਨੂੰਨੀ ਦਸਤਾਵੇਜ਼ (Articles of Incorporation) ਦੀਆਂ ਦੋ ਨਕਲਾਂ ਤਿਆਰ ਕਰਨੀਆਂ ਚਾਹੀਦੀਆਂ ਹਨ। **ਯਾਦ ਰੱਖੋ ਕਿ ਸਾਰੀਆਂ ਕਾਰੋਬਾਰੀ ਕਾਰਪੋਰੇਸ਼ਨਾਂ ਦੇ ਸ਼ੇਅਰ (shares) ਹੋਣੇ ਜ਼ਰੂਰੀ ਹਨ।** ਫ਼ਾਰਮਾਂ ਦਾ ਅਣੁਛੇਦ 6 ਜ਼ਰੂਰੀ ਮੁਕੰਮਲ ਕੀਤਾ ਜਾਣਾ ਚਾਹੀਦਾ ਹੈ।(ਇੱਕ ਹਿੱਸੇਦਾਰ ਵੀ ਪਰਵਾਨਗੀਯੋਗ ਹੁੰਦਾ ਹੈ)। ਇਹ ਫ਼ਾਰਮ http://www.forms.ssb.gov.on.ca/mbs/ssb/forms/ssbforms.nsf ਤੋਂ ਜਾਂ ਕਨੂੰਨੀ ਸਟੇਸ਼ਨਰੀ ਸਟੋਰਾਂ ਜਾਂ ਨਾਂ ਦੀ ਖੋਜ ਕਰਨ ਵਾਲੀਆਂ ਸੰਸਥਾਵਾਂ ਤੋਂ ਉਪਲਬਧ ਹੁੰਦੇ ਹਨ।
- ਜੇ ਨੰਬਰ ਆਧਾਰਤ ਕੰਪਨੀ ਦੀ ਕਾਰਪੋਰੇਸ਼ਨ ਬਣਾਉਣੀ ਹੋਵੇ ਤਾਂ ਆਂਟੇਰੀਓ ਸਥਿਤ Newly Upgraded Automated Name Search (NUANS) ਦੀ ਮੂਲ ਰਿਪੋਰਟ ਦੀ ਲੋੜ ਨਹੀਂ ਹੁੰਦੀ। ਇੰਟਰਨੈੱਟ 'ਤੇ www.nuans.com ਨਾਂ ਦੀ ਖੋਜ ਕੀਤੀ ਜਾ ਸਕਦੀ ਹੈ। ਕਿਰਪਾ ਕਰ ਕੇ ਯਾਦ ਰੱਖੋ: The Companies and Personal Property Security Branch ਖੋਜ ਦੀ ਸਹੂਲਤ ਮੁਹੱਈਆ ਨਹੀਂ ਕਰਦੀ।
- ਸਾਰੇ ਦਸਤਾਵੇਜ਼ਾਂ ਦੇ ਨਾਲ ਇੱਕ ਪੱਤਰ ਭੇਜੋ ਜਿਸ ਵਿੱਚ ਕਾਰਪੋਰੇਸ਼ਨ ਦਾ ਨਾਂ, ਵਾਪਸ ਚਿੱਠੀ ਪਾਉਣ ਲਈ ਪਤਾ ਅਤੇ ਸੰਪਰਕ ਕਰਨ ਲਈ ਟੈਲੀਫ਼ੋਨ ਨੰਬਰ ਦਰਜ ਹੋਵੇ।
- ਫ਼ੀਸ ਵਜੋਂ $360 (ਜੀ ਐਸ ਟੀ ਨਹੀਂ) ਅਦਾਇਗੀ Minister of Finance ਨੂੰ ਕਰਨੀ ਹੁੰਦੀ ਹੈ। ਅਦਾਇਗੀਆਂ ਤਸਦੀਕਸ਼ੁਦਾ ਚੈੱਕ, ਮਨੀ ਆਰਡਰ, ਜਾਂ ਨਿੱਜੀ ਚੈੱਕ ਦੁਆਰਾ ਕੀਤੀਆਂ ਜਾ ਸਕਦੀਆਂ ਹਨ। ਨਿੱਜੀ ਚੈੱਕ ਉੱਤੇ ਨਾਂ, ਪਤਾ, ਬੈਂਕ ਦਾ ਟਰਾਂਜ਼ਿਟ ਨੰਬਰ ਅਤੇ ਖਾਤਾ ਨੰਬਰ ਛਪਿਆ ਹੋਣਾ ਚਾਹੀਦਾ ਹੈ। ਨਕਦ, Visa, MasterCard, AMEX ਅਤੇ Interac ਰਾਹੀਂ ਅਦਾਇਗੀਆਂ ਖੁਦ ਹਾਜ਼ਰ ਹੋ ਕੇ ਕੀਤੀਆਂ ਜਾ ਸਕਦੀਆਂ ਹਨ।
- ਜੇ ਲੋੜ ਪਵੇ ਤਾਂ ਸਬੂਤ ਵਜੋਂ ਹੋਰ ਦਸਤਾਵੇਜ਼ ਦੇਣੇ ਪੈਣਗੇ। **ਕ੍ਰਿਪਾ ਕਰ ਕੇ ਯਾਦ ਰੱਖੋ:** ਅੱਗੋਂ ਤੋਂ Act as First Director ਦੇ ਤੌਰ ਤੇ ਕੰਮ ਕਰਨ ਦੀ ਸਹਿਮਤੀ ਬਰਾਂਚ ਨੂੰ ਦੇਣ ਦੀ ਲੋੜ ਨਹੀਂ ਰਹੀ ਪਰ ਇਸ ਸਹਿਮਤੀ ਨੂੰ ਕਾਰਪੋਰੇਸ਼ਨ ਦੇ ਰਜਿੱਟਰਸ਼ੁਦਾ ਦਫ਼ਤਰ ਵਿਖੇ ਜ਼ਰੂਰੀ ਰੱਖਿਆ ਜਾਣਾ ਚਾਹੀਦਾ ਹੈ। ਕਾਰੋਬਾਰ ਨੂੰ ਸਥਾਪਤ ਕਰਨ ਲਈ ਫ਼ਾਰਮ ਕਨੂੰਨੀ ਸਟੇਸ਼ਨਰੀ ਸਟੋਰਾਂ ਜਾਂ ਨਾਂ ਖੋਜ ਕਰਨ ਵਾਲੀਆਂ ਸੰਸਥਾਵਾਂ ਤੋਂ ਖ਼ਰੀਦੇ ਜਾ ਸਕਦੇ ਹਨ ਜਾਂ ਇੰਟਰਨੈੱਟ 'ਤੇ Company Forms Web site: http://www.forms.ssb.gov.on.ca/mbs/ssb/forms/ssbforms.nsf/FormDetail?OpenForm&ACT=RDR&TAB=PROFILE&ENV=WWE&NO=007-07117 ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ।
- ਹੋਰ ਕੀ ਕੁਝ ਲੋੜੀਂਦਾ ਹੈ ਬਾਰੇ ਵਧੇਰੇ ਜਾਣਕਾਰੀ ਲਈ http://www.ontario.ca/en/business/STEL02_163189 ਅਤੇ www.canadabusiness.ca 'ਤੇ ਜਾਓ ਅਤੇ "incorporation" 'ਤੇ ਖੋਜ ਕਰੋ।

**(ਬਿਜ਼ਨੈਸ ਕਾਰਪੋਰੇਸ਼ਨਜ਼ ਐਕਟ) Business Corporations Act:**

ਹੇਠ ਦਰਜ ਸੇਵਾਵਾਂ ਲਈ CPPSB ਨੂੰ ਡਾਕ ਰਾਹੀ ਭੇਜੇ ਜਾਣ 'ਤੇ ਪੜਚੋਲ ਵਾਸਤੇ 2-4 ਹਫ਼ਤੇ ਉਡੀਕ ਕਰਨੀ ਪੈਂਦੀ ਹੈ:

- ਕਾਊਂਟਰ ਵਿਖੇ ਤੁਰੰਤ ਸੇਵਾ ਜਾਂ ਡਾਕ ਰਾਹੀ ਸੇਵਾ ਲਈ $360
- ਸੇਵਾ ਪਰਦਾਨ ਕਰਨ ਵਾਲਿਆਂ ਰਾਹੀਂ ''ਇਲੈਕਟ੍ਰਾਨਿਕ'' ਤਰੀਕੇ ਨਾਲ ਹੇਠ ਦਰਜ ਸੇਵਾਵਾਂ ਲਈ ਦਾਇਰ ਕੀਤੀਆਂ ਬੇਨਤੀਆਂ 'ਤੇ ਤੁਰੰਤ ਸੇਵਾ ਵਾਸਤੇ $300 (ਇਸ ਤੋਂ ਇਲਾਵਾਂ ਸੇਵਾ ਪਰਦਾਨ ਕਰਨ ਵਾਲੇ ਦੀ ਫ਼ੀਸ ਵੀ)

- ਕਾਊਂਟਰ ਵਿਖੇ Business Corporation Act ਅਧੀਨ ਦਸਤਾਵੇਜ਼ਾਂ ਲਈ ਤਿੰਨ ਤੋਂ ਵੱਧ ਕੇਸ ਦਰਜ ਕਰਵਾਉਣ ਲੱਗਿਆਂ ''ਇੱਕ ਤੋਂ ਵੱਧ ਕੇਸ ਦਰਜ ਕਰਵਾਉਣ ਲਈ'' ਬਾਕਾਇਦਾ ਫ਼ੀਸ ਤੋਂ ਇਲਾਵਾ ਹਰ ਕੇਸ ਵਾਸਤੇ *$25* ਵਿਸੇਸ ਸੇਵਾ ਫ਼ੀਸ ਹੋਵੇਗੀ।

**ਨੰਬਰ ਆਧਾਰਤ ਕੰਪਨੀ**

ਜੇ ਬਿਨੈਕਾਰ ਨੰਬਰ ਵਾਲੇ ਨਾਂ ਅਧੀਨ ਕਾਰਪੋਰੇਸ਼ਨ ਸਥਾਪਤ ਕਰਨਾ ਚਾਹੁੰਦਾ ਹੈ ਤਾਂ ਇਹ ਖੋਜ ਕਰਨ ਦੀ ਲੋੜ ਨਹੀਂ ਹੁੰਦੀ ਕਿ ਪਹਿਲਾਂ ਇਸ ਨਾਂ ਦਾ ਕੋਈ ਕਾਰੋਬਾਰ ਮੌਜੂਦ ਹੈ ਜਾਂ ਨਹੀਂ। The Companies and Personal Property Security Branch ਇੱਕ ਨੰਬਰ ਦੇ ਦੇਵੇਗੀ। ਫ਼ਾਰਮ ਮੁਕੰਮਲ ਕਰਨ ਲੱਗਿਆਂ (ਨੰਬਰ ਦਰਜ ਕਰਨ ਵਾਸਤੇ) 9 ਡੱਬੀਆਂ, ਅਤੇ ਫ਼ਿਰ ਕਨੂੰਨੀ ਅੰਸ਼ ਪਿਛੋਂ ਸ਼ਬਦ "ONTARIO" ਲਈ ਜਗ੍ਹਾ ਛੱਡ ਦਿਉ।

**ਇੰਟਰਨੈੱਟ ਰਾਹੀ ਕੇਸ ਦਰਜ ਕਰਨਾ**

ਜੇ ਤੁਸੀਂ ਇੰਟਰਨੈੱਟ ਰਾਹੀਂ ਕਾਰਪੋਰੇਸ਼ਨ ਸਥਾਪਤ ਕਰਦੇ ਹੋ ਤਾਂ ਜ਼ਰੂਰੀ ਹੈ ਕਿ:

- ਇੰਟਰਨੈੱਟ ਰਾਹੀਂ ਮੁੱਢਲੇ ਸੇਵਾ ਪਰਦਾਨ ਕਰਨ ਵਾਲਿਆਂ ਦੀਆਂ ਸੇਵਾਵਾਂ ਵਰਤੋ::
- **Cyberbahn** http://www.cyberbahngroup.com/CyberbahnCMS/
- 416-595-9522 ਜਾਂ 1-800-806-0003 ਜਾਂ
- http://www.oncorp.com/home/incorporation.asp ਵਿਖੇ **OnCorp Direct Inc**
- 416-964-2677 ਜਾਂ 1-800-461-7772
- **ਕਿਰਪਾ ਕਰ ਕੇ ਯਾਦ ਰੱਖੋ ਕਿ ਸਾਰੀਆਂ ਬਿਜ਼ਨੈਸ ਕਾਰਪੋਰੇਸ਼ਨਾਂ ਦੇ ਸ਼ੇਅਰ ਜ਼ਰੂਰ ਹੋਣੇ ਚਾਹੀਦੇ ਹਨ**। ਇਸ ਲਈ ਫ਼ਾਰਮਾਂ ਦਾ ਅਣੁਛੇਦ 6 ਜ਼ਰੂਰ ਮੁਕੰਮਲ ਕੀਤਾ ਜਾਣਾ ਚਾਹੀਦਾ ਹੈ।
- NUANS ਰਾਹੀਂ ਆਂਟੇਰੀਓ ਵਿਚਲੇ ਨਾਵਾਂ ਦੀ ਖੋਜ ਦਾ ਦਸਤਾਵੇਜ ਹਾਸਲ ਕਰੋ ਅਤੇ ਖੋਜ ਕੀਤਾ ਗਿਆ ਨਾਂ, NUANS ਦਾ ਹਵਾਲਾ ਨੰਬਰ, ਅਤੇ NUANS ਦੀ ਮਿਤੀ ਮੁਹੱਈਆ ਕਰੋ: www.nuans.com
- ਇੰਟਰਨੈੱਟ 'ਤੇ ਦਿੱਤਾ ਕੱਵਰ ਪੱਤਰ ਮੁਕੰਮਲ ਕਰੋ ਜਿਸ ਵਿੱਚ ਸ਼ਨਾਖ਼ਤੀ ਨਾਂ, ਵਾਪਸ ਚਿੱਠੀ ਪਾਉਣ ਲਈ ਪਤਾ ਅਤੇ ਸੰਪਰਕ ਕਰਨ ਲਈ ਟੈਲੀਫ਼ੋਨ ਨੰਬਰ ਦਰਜ ਹੋਵੇ;
- $300 ਕਨੂੰਨੀ ਫ਼ੀਸ ਵਜੋ ਅਦਾ ਕਰੋ। ਇਸ ਤੋਂ ਇਲਾਵਾ, ਹਰ ਇਲੈਕਟ੍ਰਾਨਿਕ ਸੇਵਾ ਪਰਦਾਨ ਕਰਨ ਵਾਲਾ ਬੁਨਿਆਦੀ ਅਦਾਰਾ ਇੰਟਰਨੈੱਟ ਰਾਹੀਂ ਆਪਣੀਆਂ ਸੇਵਾ ਬਦਲੇ ਫ਼ੀਸ ਲੈਂਦਾ ਹੈ (ਅਦਾਇਗੀ ਕ੍ਰੈਡਿਟ ਕਾਰਡ ਰਾਹੀਂ ਕੀਤੀ ਜਾਂਦੀ ਹੈ ਜਾਂ ਇੰਟਰਨੈੱਟ ਰਾਹੀਂ ਮੁੱਢਲੇ ਸੇਵਾ ਪਰਦਾਨ ਕਰਨ ਵਾਲੇ ਨਾਲ ਖਾਤਾ ਖੋਲ੍ਹ ਕੇ ਕੀਤੀ ਜਾਂਦੀ ਹੈ)।

**ਫ਼ੈਡਰਲ ਪੱਧਰ ਤੇ ਕਾਰਪੋਰੇਸ਼ਨ ਸਥਾਪਤ ਕਰਨੀ:** ਇੰਟਰਨੈੱਟ ਰਾਹੀਂ www.strategis.gc.ca/corporations

ਫ਼ੈਡਰਲ ਜਾਂ ਪਰਾਂਤਕ ਪੱਧਰ 'ਤੇ ਕਾਰਪੋਰੇਸ਼ਨ ਸਥਾਪਤ ਕਰਨ ਬਾਰੇ ਵਧੇਰੇ ਜਾਣਕਾਰੀ ਲਈ ਵੇਖੋ: http://www.incorper.com/FedvsOnt.html